# ਮਹਤਵਪੂਰਣ ਨਿਯਮ ਅਤੇ ਸ਼ਰਤਾਂ

ਇਹ ਐਚਡੀਐਫਸੀ ਬੈਂਕ ਈਬਿਕਸਕੈਸ਼ ਪ੍ਰੀਪੇਡ ਕਾਰਡ ਤੁਹਾਨੂੰ ਐਚਡੀਐਫਸੀ ਬੈਂਕ ਲਿ. ਦੁਆਰਾ ਜਾਰੀ ਕੀਤਾ ਗਿਆ ਹੈ, ਅਜਿਹੀ ਬੈਂਕਿੰਗ ਕੰਪਨੀ ਜੋ ਕੰਪਨੀਜ਼ ਐਕਟ ੧੯੫੬ ਦੇ ਤਹਿਤ ਸ਼ੁਰੂ ਕੀਤੀ ਗਈ ਅਤੇ ਬੈਂਕਿੰਗ ਰੇਗੂਲੇਸ਼ਨ ਐਕਟ, ੧੯੪੯ ਦੇ ਅਰਥ ਦੇ ਅੰਦਰ ਇੱਕ ਬੈਂਕ ਵਜੋਂ ਲਾਇਸੈਂਸ-ਪ੍ਰਾਪਤ ਹੈ, ਜਿਸਦਾ ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ ਐਚਡੀਐਫਸੀ ਬੈਂਕ ਲਿ., ਵਨ ਇੰਡੀਆਬੁੱਲਸ ਸੈਂਟਰ, ਟਾਵਰ ੨B, ੬ਵੇਂ ਫਲੋਰ, ੮੪੧, ਸੇਨਾਪਤੀ ਬਾਪਤ ਮਾਰਗ, ਲੋਅਰ ਪਰੇਲ (ਵੈਸਟ), ਮੁੰਬਈ ੪੦੦੦੧੩ (''ਐਚਡੀਐਫਸੀ ਬੈਂਕ'') ਵਿਖੇ ਹੈ। ਇਟਜ਼ ਕੈਸ਼ ਕਾਰਡ ਲਿਮਿਟੇਡ, ਇੱਕ ਕੰਪਨੀ ਜੋ ਕੰਪਨੀਜ਼ ਐਕਟ ੧੯੫੬ ਦੇ ਤਹਿਤ ਸ਼ੁਰੂ ਕੀਤੀ ਗਈ ਅਤੇ ਜਿਸਦਾ ਰਜਿਸਟਰਡ ਦਫਤਰ ਟੌਪ ੧੪ਵੇਂ ਫਲੋਰ, ਟਾਈਮਸ ਟਾਵਰ, ਕਮਲਾ ਸਿਟੀ, ਸੇਨਾਪਤੀ ਬਾਪਤ ਮਾਰਗ, ਲੋਅਰ ਪਰੇਲ, ਮੁੰਬਈ – ੪੦੦੦੧੩ (''ਈਬਿਕਸਕੈਸ਼'') ਵਿਖੇ ਹੈ। ਈਬਿਕਸਕੈਸ਼ ਨੂੰ ਐਚਡੀਐਫਸੀ ਬੈਂਕ ਵਲੋਂ ਐਚਡੀਐਫਸੀ ਬੈਂਕ ਈਬਿਕਸਕੈਸ਼ ਪ੍ਰੀਪੇਡ ਕਾਰਡ ਲਈ ਕਾਰੋਬਾਰੀ ਸੰਪਰਕੀ ਅਤੇ ਪ੍ਰੋਗਰਾਮ ਮੈਨੇਜਰ ਵਜੋਂ ਨਿਯੁਕਤ ਕੀਤਾ ਗਿਆ ਹੈ।

**(ਨਿਯਮ ਅਤੇ ਸ਼ਰਤਾਂ)** ਇਹ ਨਿਯਮ ਅਤੇ ਸ਼ਰਤਾਂ ਐ www.ebixcash.com ਦੁਆਰਾ ਈਬਿਕਸਕੈਸ਼ ਵੈਬਸਾਈਟ ਉੱਤੇ ਦੱਸੇ ਗਏ ਨਿਯਮਾਂ ਅਤੇ ਸ਼ਰਤਾਂ ਅਤੇ ਸਥਿਤੀਆਂ ਸਮੇਤ ਕਿਸੇ ਅਟੈਚਮੈਂਟਾਂ ਜਾਂ ਨਾਲ ਆਉਣ ਵਾਲੇ ਪੂਰਕ ਦਸਤਾਵੇਜ਼ ਤੁਹਾਡੇ (''ਕਾਰਡਧਾਰਕ'') ਵਲੋਂ ਈਬਿਕਸਕੈਸ਼/ ਐਚਡੀਐੱਫਸੀ ਬੈਂਕ ਅਤੇ ਗ੍ਰਾਹਕ ਦੇ ਵਿਚਕਾਰ ਇੱਕ ਸਮਝੌਤੇ ਦੇ ਅਨੁਸਾਰ ਕੋ-ਬ੍ਰਾਂਡ ਪ੍ਰੀਪੇਡ ਕਾਰਡ (''ਕਾਰਡ'') ਦੀ ਵਰਤੋਂ ਨੂੰ ਨਿਯੰਤਰਿਤ ਕਰਦੇ ਹਨ। ਕਾਰਡਧਾਰਕ ਇਸ ਦੁਆਰਾ ਨਿਯਮਾਂ ਅਤੇ ਸ਼ਰਤਾਂ ਦਾ ਪਾਲਣ ਕਰਨ ਲਈ ਸਹਿਮਤ ਹੁੰਦਾ ਹੈ ਅਤੇ ਕਾਰਡਧਾਰਕ ਦੁਆਰਾ ਕਾਰਡ ਦੇ ਨਾਲ ਕੋਈ ਟ੍ਰਾਂਜ਼ੈਕਸ਼ਨ ਕਰਕੇ ਜਾਂ ਕਾਰਡ ਦੀ ਪ੍ਰਾਪਤੀ ਦੀ ਲਿਖਤ ਵਿੱਚ ਹਾਮੀ ਭਰ ਕੇ ਜਾਂ ਕਾਰਡ ਦੇ ਪਿਛਲੇ ਪਾਸੇ ਉੱਤੇ ਹਸਤਾਖਰ ਕਰਕੇ ਇਹ ਸਮਝਿਆ ਜਾਵੇਗਾ ਕਿ ਉਹ ਇਸਦੇ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਬਿਨਾਂ ਕਿਸੇ ਸ਼ਰਤ ਦੇ ਸਹਿਮਤ ਹੋਇਆ ਹੈ ਅਤੇ ਇਹਨਾਂ ਨੂੰ ਸਵੀਕਾਰ ਕੀਤਾ ਹੈ ਅਤੇ ਇਹ ਵੀ ਸਮਝਿਆ ਜਾਵੇਗਾ ਕਿ ਉਸਨੇ ਇਹਨਾਂ ਸਾਰੇ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹ ਅਤੇ ਸਮਝ ਲਿਆ ਹੈ। ਕਾਰਡਧਾਰਕ ਕਾਰਡ ਦੀ ਵਰਤੋਂ ਨੂੰ ਨਿਯੰਤਰਿਤ ਕਰ ਰਹੀਆਂ ਸਬੰਧਤ ਸੂਚਨਾਵਾਂ/ਦਿਸ਼ਾ-ਨਿਰਦੇਸ਼ਾਂ/ਸਰਕੂਲਰਾਂ ਵਿੱਚ ਕਿਸੇ ਬਦਲਾਵਾਂ/ਸੰਸ਼ੋਧਨਾਂ ਦੇ ਨਾਲ ਆਪਣੇ-ਆਪ ਨੂੰ ਅਪਡੇਟ ਰੱਖਣ ਲਈ ਜ਼ਿੰਮੇਵਾਰ ਹੋਵੇਗਾ। ਬੈਂਕ ਕਾਰਡਧਾਰਕ ਦੁਆਰਾ ਲਾਗੂ ਹੁੰਦੇ ਅਤੇ ਸਮੇਂ-ਸਮੇਂ 'ਤੇ ਕਾਰਡਾਂ ਦੀ ਵਰਤੋਂ ਨੂੰ ਨਿਯੰਤਰਿਤ ਕਰ ਰਹੀਆਂ ਸਬੰਧਤ ਸੂਚਨਾਵਾਂ/ਦਿਸ਼ਾ-ਨਿਰਦੇਸ਼ਾਂ/ਸਰਕੂਲਰਾਂ ਦੇ ਕਿਸੇ ਉਲੰਘਣ ਪੱਖੋਂ ਸਾਰੀ ਜਵਾਬਦੇਹੀ ਦਾ ਖੰਡਣ ਕਰਦਾ ਹੈ। ਜੇ ਨਿਯਮ ਅਤੇ ਸ਼ਰਤਾਂ ਸਵੀਕਾਰ ਕਰਨ ਯੋਗ ਨਹੀਂ ਹੁੰਦੇ ਹਨ ਤਾਂ ਕਾਰਡਧਾਰਕ ਲਈ ਕਾਰਡ ਦੀ ਵਰਤੋਂ ਨਾ ਕਰਨਾ ਅਤੇ ਕਾਰਡ ਨੂੰ ਤੁਰੰਤ ਈਬਿਕਸਕੈਸ਼/ ਐਚਡੀਐਫਸੀ ਬੈਂਕ ਨੂੰ ਵਾਪਿਸ ਕਰਨਾ ਲਾਜ਼ਮੀ ਹੈ।

**(ਕਾਰਡ ਖਾਤੇ ਦੇ ਵੇਰਵਿਆਂ ਨੂੰ ਵਰਤਣਾ)** ਕਾਫੀ ਦੇਰ ਲੌਂਗ-ਇਨ ਤੋਂ ਬਾਅਦ ਜਾਂ ਤੁਹਾਡੇ ਕਾਰਡ ਦੇ ਪਿਛਲੇ ਪਾਸੇ ਉੱਤੇ ਸੂਚੀਬੱਧ ਫ਼ੋਨ ਨੰਬਰ ਅਤੇ/ਜਾਂ ਈਮੇਲ ਪਤੇ 'ਤੇ ਕਾਲ ਕਰਕੇ/ਲਿਖ ਕੇ ਉਪਲਬਧ ਬਕਾਇਆ ਰਕਮ www.ebixcash.com (''ਕਾਰਡ ਦੇ ਬੈਲੇਂਸ'') ਸਮੇਤ, ਕਾਰਡ ਬਾਬਤ ਜਾਣਕਾਰੀ।

**੧. ਵਰਤੋਂ, ਸੀਮਾਵਾਂ ਅਤੇ ਸੁਰੱਖਿਆ**

(ਵਰਤੋਂ) ਕਾਰਡ ਨੂੰ ਜਾਰੀ ਕਰਨਾ ਅਤੇ ਵਰਤਣਾ ਐਚਡੀਐਫਸੀ ਬੈਂਕ ਵਲੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਮੁਤਾਬਕ ਨਿਯਮਾਂ ਅਤੇ ਕਾਇਦਿਆਂ ਦੇ ਅਧੀਨ ਹੈ। ਕਾਰਡਧਾਰਕ ਵਪਾਰੀਆਂ ਤੋਂ ਮਾਲ ਅਤੇ ਸੇਵਾਵਾਂ ਨੂੰ ਖਰੀਦਣ ਜਾਂ ਹਾਸਲ ਕਰਨ ਲਈ ਸਿਰਫ਼ ਭਾਰਤ ਵਿੱਚ ਹੀ ਕਾਰਡ ਦੀ ਵਰਤੋਂ INR ਵਿੱਚ ਕਰੇਗਾ।

(ਟ੍ਰਾਂਸਫਰ ਹੋਣ ਯੋਗਤਾ) ਕਾਰਡਧਾਰਕ ਦੁਆਰਾ ਕਾਰਡ ਨੂੰ ਕਿਸੇ ਵੀ ਹਾਲਾਤਾਂ ਵਿੱਚ ਟ੍ਰਾਂਸਫਰ ਜਾਂ ਸਪੁਰਦ ਨਹੀਂ ਕੀਤਾ ਜਾ ਸਕਦਾ।

(ਗੁੰਮ ਜਾਂ ਚੋਰੀ ਹੋਏ ਕਾਰਡ) ਜੇ ਕਾਰਡ ਜਾਂ ਇਸਦਾ ਪੀਆਈਐਨ ਗੁੰਮ, ਚੋਰੀ ਹੋ ਗਿਆ ਹੈ, ਜਾਂ ਦੁਰਵਰਤੋਂ ਹੋਈ ਹੈ, ਤਾਂ ਕਿਰਪਾ ਕਰਕੇ ਕਾਰਡ ਦੇ ਪਿਛਲੇ ਪਾਸੇ ਉੱਤੇ ਸੂਚੀਬੱਧ ਟੈਲੀਫ਼ੋਨ ਨੰਬਰਾਂ ਉੱਤੇ ਕਸਟਮਰ ਸਰਵਿਸ ਸੈਂਟਰ (''ਕਸਟਮਰ ਸਰਵਿਸ ਸੈਂਟਰ'') ਦੇ ਨਾਲ ਤੁਰੰਤ ਸੰਪਰਕ ਕਰੋ। ਤੁਹਾਨੂੰ ਪੀਆਈਐਨ ਯਾਦ ਕਰ ਲੈਣਾ ਚਾਹੀਦਾ ਹੈ ਅਤੇ ਪੀਆਈਐਨ ਮੇਲਰ ਨੂੰ ਤੁਰੰਤ ਨਸ਼ਟ ਕਰ ਦੇਣਾ ਚਾਹੀਦਾ ਹੈ। ਸੂਚਨਾ ਦੇਣ ਦੇ ੨੪ ਘੰਟਿਆਂ ਅੰਦਰ ਕਾਰਡ ਬਲੌਕ ਕਰ ਦਿੱਤਾ ਜਾਵੇਗਾ ਅਤੇ ਤੁਹਾਡੇ ਪੈਸਿਆਂ ਨੂੰ ਬਚਾਉਣ ਦਾ ਜੋਖਮ ਤੁਹਾਡੇ ਵਲੋਂ ਕਾਰਡ ਦੇ ਗੁੰਮ ਜਾਣ ਦੀ ਸੂਚਨਾ ਦੇਣ ਦੇ ਸਮੇਂ ਤੋਂ ਸ਼ੁਰੂ ਹੋ ਜਾਂਦਾ ਹੈ। ਈਬਿਕਸਕੈਸ਼/ ਐਚਡੀਐਫਸੀ ਬੈਂਕ ਆਪਣੀ ਇਕਮਾਤਰ ਇੱਛਾ 'ਤੇ ਅਤੇ ਕਾਰਡ ਧਾਰਕ ਦੀ ਪਛਾਣ ਦੀ ਤਸਦੀਕ ਹੋਣ 'ਤੇ ਦੱਸੀ ਗਈ ਫੀਸ ਵਸੂਲ ਕੇ ਗੁੰਮ ਹੋਏ ਕਾਰਡ ਦੇ ਬਦਲੇ ਇੱਕ ਨਵਾਂ ਕਾਰਡ ਜਾਰੀ ਕਰ ਸਕਦਾ ਹੈ।

(ਕਨੂੰਨ) ਕਾਰਡਧਾਰਕ ਨੂੰ ਕਾਰਡ ਦੀ ਵਰਤੋਂ ਸਿਰਫ਼ ਕਾਨੂੰਨੀ ਤਰੀਕੇ ਵਿੱਚ ਕਾਨੂੰਨੀ ਉਦੇਸ਼ਾਂ ਲਈ ਕਰਨੀ ਚਾਹੀਦੀ ਹੈ।

(ਤੀਜੀ ਧਿਰ ਦੁਆਰਾ ਵਰਤੋਂ) ਅਣ-ਅਧਿਕਾਰਤ ਵਰਤੋਂ ਤੋਂ ਕਾਰਡ ਧਾਰਕ ਦੇ ਹਿਤਾਂ ਦੀ ਰੱਖਿਆ ਕਰਨ ਲਈ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਹਾਨੂੰ ਕਾਰਡ ਨੂੰ ਹਰ ਵੇਲੇ ਆਪਣੀ ਨਿੱਜੀ ਹਿਰਾਸਤ ਵਿੱਚ ਰੱਖਣਾ ਚਾਹੀਦਾ ਹੈ।

(ਜ਼ਿੰਮੇਵਾਰੀ) ਕਾਰਡਧਾਰਕ ਦੁਆਰਾ ਪ੍ਰਾਪਤ ਕੀਤੇ ਮਾਲ ਅਤੇ ਸੇਵਾਵਾਂ ਬਾਰੇ ਕਿਸੇ ਝਗੜਿਆਂ ਲਈ ਨਾ ਹੀ ਬੈਂਕ, ਨਾ ਹੀ ਈਬਿਕਸਕੈਸ਼ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਣਗੇ, ਜਿਸ ਵਿੱਚ ਕਿਸੇ ਮਾਲ ਜਾਂ ਸੇਵਾਵਾਂ ਦੀ ਗੁਣਵੱਤਾ, ਮੁੱਲ, ਵਾਰੰਟੀ, ਡਿਲੀਵਰੀ ਵਿੱਚ ਦੇਰ, ਡਿਲੀਵਰੀ ਨਾ ਹੋਣਾ, ਪ੍ਰਾਪਤ ਨਾ ਹੋਣਾ ਸ਼ਾਮਲ ਹੈ। ਇਹ ਸਪਸ਼ਟਤਾ ਨਾਲ ਸਮਝਣਾ ਲਾਜ਼ਮੀ ਹੈ ਕਿ ਕਾਰਡਧਾਰਕ ਦੁਆਰਾ ਵਪਾਰੀਆਂ ਨੂੰ ਭੁਗਤਾਨ ਕਰਨ ਲਈ ਕਾਰਡ ਸਿਰਫ਼ ਇੱਕ ਸੁਵਿਧਾ ਹੈ ਅਤੇ ਬੈਂਕ ਮਾਲ ਜਾਂ ਸੇਵਾਵਾਂ ਬਾਬਤ ਗੁਣਵੱਤਾ, ਮਾਤਰਾ, ਮੁੱਲ, ਡਿਲੀਵਰੀ ਜਾਂ ਕਿਸੇ ਹੋਰ ਤਰ੍ਹਾਂ ਕੋਈ ਵਾਰੰਟੀ ਨਹੀਂ ਲੈਂਦਾ ਜਾਂ ਕੋਈ ਪੇਸ਼ਕਾਰੀ ਨਹੀਂ ਕਰਦਾ, ਭਾਵੇਂ ਕਿੰਨਾ ਵੀ ਹੋਵੇ, ਅਤੇ ਅਜਿਹੇ ਕੋਈ ਝਗੜੇ ਕਾਰਡਧਾਰਕ ਦੁਆਰਾ ਵਪਾਰੀ ਦੇ ਨਾਲ ਸਿੱਧੇ ਤੌਰ 'ਤੇ ਸੁਲਝਾਏ ਜਾਣਗੇ।

(ਕਾਰਡ ਦੇ ਬੈਲੇਂਸ ਵਿੱਚ ਬਦਲਾਵ) ਗ੍ਰਾਹਕ ਕਾਰਡ ਖਾਤੇ ਵਿੱਚ ਕ੍ਰੈਡਿਟ ਲਈ ਹੱਕਦਾਰ ਹੋ ਸਕਦਾ ਹੈ, ਟ੍ਰਾਂਜ਼ੈਕਸ਼ਨ ਦੇ ਵਾਪਿਸ ਹੋਣ ਦੇ ਮਾਮਲੇ ਵਿੱਚ, ਕਾਰਡਧਾਰਕ ਨੂੰ ਕੋਈ ਨਕਦ ਰਕਮ ਰੀਫੰਡ ਨਹੀਂ ਕੀਤੀ ਜਾਵੇਗੀ। ਈਬਿਕਸਕੈਸ਼/ ਐਚਡੀਐਫਸੀ ਬੈਂਕ ਪੈਸੇ ਰੀਫੰਡ ਕਰਨ ਵੇਲੇ ਸਬੰਧਤ ਵਪਾਰੀ ਦੁਆਰਾ ਲਗਾਏ ਗਏ ਲਾਗੂ ਖਰਚਿਆਂ ਨੂੰ ਵਸੂਲ ਲੈਣਗੇ।

(ਟ੍ਰਾਂਜ਼ੈਕਸ਼ਨ ਦੀਆਂ ਸੀਮਾਵਾਂ) ਈਬਿਕਸਕੈਸ਼/ ਐਚਡੀਐਫਸੀ ਬੈਂਕ ਅਤੇ/ਜਾਂ ਵਪਾਰੀ ਵਿਕ੍ਰੀ ਦੇ ਕਿਸੇ ਵੀ ਸਮੇਂ 'ਤੇ ਕਾਰਡ ਦੇ ਦੁਆਰਾ ਇਜਾਜ਼ਤ ਦਿੱਤੀ ਵਿੱਤੀ ਰਕਮ ਅਤੇ ਟ੍ਰਾਂਜ਼ੈਕਸ਼ਨ ਦੀ ਸੰਖਿਆ ਉੱਤੇ ਸਥਾਪਿਤ ਕੀਤੀ ਸਮਾਂ-ਮਿਆਦ ਦੌਰਾਨ ਸੀਮਾਵਾਂ ਲਾਗੂ ਕਰ ਸਕਦੇ ਹਨ (''ਟ੍ਰਾਂਜ਼ੈਕਸ਼ਨ ਸੀਮਾਵਾਂ'')। ਈਬਿਕਸਕੈਸ਼/ ਐਚਡੀਐਫਸੀ ਬੈਂਕ, ਕਿਸੇ ਵੀ ਸਮੇਂ 'ਤੇ, ਕਿਸੇ ਵੀ ਕਾਰਣ ਲਈ ਟ੍ਰਾਂਜ਼ੈਕਸ਼ਨ ਸੀਮਾਵਾਂ ਦਾ ਸੰਸ਼ੋਧਣ ਕਰ ਸਕਦੇ ਹਨ, ਭਾਵੇਂ ਕੋਈ ਵੀ ਹੋਵੇ। ਕਾਰਡਧਾਰਕ Ebixcash.com 'ਤੇ ਇਹਨਾਂ ਬਦਲਾਵਾਂ ਨੂੰ ਔਨਲਾਈਨ ਦੇਖ ਸਕਦਾ ਹੈ ਜਾਂ ਕਸਟਮਰ ਸਰਵਿਸ ਸੈਂਟਰ ਨੂੰ ਕਾਲ ਵੀ ਕਰ ਸਕਦਾ ਹੈ। ਕਾਰਡਧਾਰਕ ਨੂੰ ਲਾਗੂ ਕਾਨੂੰਨ ਦੇ ਮੁਤਾਬਕ ਸੂਚਨਾ ਦਿੱਤੀ ਜਾਵੇਗੀ।

**੨. ਸਮਾਂ ਸਮਾਪਤ ਹੋਣਾ, ਰੱਦੀਕਰਣ ਅਤੇ ਸਮਾਪਤੀ**

ਤੁਹਾਨੂੰ ਜਾਰੀ ਕੀਤਾ ਗਿਆ ਕਾਰਡ ਜਾਰੀ ਕਰਨ ਦੀ ਮਿਤੀ ਤੋਂ (੫) ਪੰਜ ਸਾਲਾਂ ਦੀ ਮਿਆਦ ਲਈ ਵੈਧ ਹੁੰਦਾ ਹੈ। ਕਾਰਡ ਦੀ ਮਿਆਦ ਕਾਰਡ ਉੱਤੇ ਉਲੇਖ ਕੀਤੀ ਮਿਤੀ ਨੂੰ ਸਮਾਪਤ ਹੋ ਜਾਵੇਗੀ। ਈਬਿਕਸਕੈਸ਼/ ਐਚਡੀਐਫਸੀ ਬੈਂਕ ਕਾਰਡ ਦੀ ਵਰਤੋਂ ਨੂੰ ਇਦੋਂ ਤੁਰੰਤ ਰੱਦ ਜਾਂ ਮੁਅੱਤਲ ਕਰ ਸਕਦਾ ਹੈ: (i) ਕਾਰਡਧਾਰਕ ਕਾਰਡ ਦੇ ਨੁਕਸਾਨ ਦੀ ਸੂਚਨਾ ਦਿੰਦਾ ਹੈ। (ii) ਲਗਾਤਾਰ ੯੦ ਦਿਨਾਂ ਲਈ ਕਾਰਡ ਦੀ ਵਰਤੋਂ ਨਾ ਕਰਨਾ। (iii) ੯੦ ਦਿਨਾਂ ਦੀ ਮਿਆਦ ਲਈ ਕਾਰਡ ਵਿੱਚ ਕੋਈ ਬੈਲੇਂਸ ਨਾ ਹੋਣਾ, (iv) ਕਾਰਡ ਧਾਰਕ ਦੁਆਰਾ ਨਿਯਮਾਂ ਅਤੇ ਸ਼ਰਤਾਂ ਦਾ ਕੋਈ ਉਲੰਘਣ, (v) ਕਾਰਪੋਰੇਟ ਵਲੋਂ ਕਾਰਡ ਨੂੰ ਰੱਦ ਜਾਂ ਮੁਅੱਤਲ ਦੀ ਖਾਸ ਬੇਨਤੀ ਉੱਤੇ, ਜਾਂ (vi) ਕਾਰਡ ਨੂੰ ਰੱਦ ਜਾਂ ਮੁਅੱਤਲ ਕਰਨ ਦੇ ਸਬੰਧ ਵਿੱਚ ਭੁਗਤਾਨਾਂ 'ਤੇ ਪ੍ਰਕਿਰਿਆ ਕਰਨੀ, ਜਾਂ (ਖ਼) ਈਬਿਕਸਕੈਸ਼/ ਐਚਡੀਐਫਸੀ ਬੈਂਕ ਆਪਣੇ ਮੁਨਾਸਬ ਨਿਯੰਤ੍ਰਣ ਤੋਂ ਪਰੇ ਕਿਸੇ ਕਾਰਣ ਲਈ ਕਾਰਡ ਦੇ ਸਬੰਧ ਵਿੱਚ ਭੁਗਤਾਨਾਂ 'ਤੇ ਪ੍ਰਕਿਰਿਆ ਕਰਨ ਦੇ ਅਯੋਗ ਹੈ ਜਾਂ ਕਿਸੇ ਹੋਰ ਤਰ੍ਹਾਂ ਰੋਕਿਆ ਜਾਂਦਾ ਹੈ, ਜਿਸ ਵਿੱਚ ਕਾਨੂੰਨ ਜਾਂ ਕਾਇਦੇ ਦੁਆਰਾ ਲਾਗੂ ਕੀਤੀਆਂ ਬੰਦਸ਼ਾਂ ਸ਼ਾਮਲ ਹਨ ਪਰ ਇਹਨਾਂ ਤੱਕ ਸੀਮਿਤ ਨਹੀਂ ਹਨ।

**੩. ਕਾਰਡ ਦਾ ਬੈਲੇਂਸ**

(ਕਾਰਡ ਦਾ ਬੈਲੇਂਸ) ਕਾਰਡਧਾਰਕ ਇਹਨਾਂ ਨਿਯਮਾਂ ਅਤੇ ਸ਼ਰਤਾਂ ਦੇ ਮੁਤਾਬਕ ਕਾਰਡ ਦੀ ਸਹੀ ਅਤੇ ਉਚਿਤ ਵਰਤੋਂ ਕਰਕੇ, ਕਾਰਡ ਦੇ ਬੈਲੇਂਸ ਨੂੰ ਵਰਤ ਸਕਦਾ ਹੈ। ਕਾਰਡਧਾਰਕ ਨੂੰ ਕੋਈ ਵਿਆਜ਼ ਦੇਣ-ਯੋਗ ਨਹੀਂ ਹੁੰਦਾ ਹੈ। ਕਾਰਡ ਧਾਰਕ ਨੂੰ ਲਾਗੂ ਖਰਚਿਆਂ ਸਮੇਤ ਖਰੀਦੀਆਂ/ਪ੍ਰਾਪਤ ਕੀਤੀਆਂ ਸੇਵਾਵਾਂ ਦੀ ਲੋੜਦੀਂ ਰਕਮ ਲਈ ਲੈਣ-ਦੇਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ, ਨਹੀਂ ਤਾਂ ਟ੍ਰਾਂਜ਼ੈਕਸ਼ਨ ਪੂਰੀ ਨਹੀਂ ਕੀਤੀ ਜਾ ਸਕਦੀ।

(ਅਨਿਯਮਿਤਤਾਵਾਂ) ਕਾਰਡਧਾਰਕ ਪ੍ਰਕਿਰਿਆ ਕੀਤੀ ਟ੍ਰਾਂਜ਼ੈਕਸ਼ਨ ਦੇ ੭ ਦਿਨਾਂ ਅੰਦਰ ਈਬਿਕਸਕੈਸ਼ ਨੂੰ ਕਿਸੇ ਅਨਿਯਮਿਤਤਾਵਾਂ ਜਾਂ ਅੰਤਰਾਂ ਦੀ ਸੂਚਨਾ ਦਏਗਾ ਜੋ ਵਪਾਰੀ ਦੇ ਟਿਕਾਣੇ 'ਤੇ ਲੈਣ-ਦੇਣ ਦੇ ਵੇਰਵਿਆਂ ਵਿੱਚ ਹੁੰਦੇ ਹਨ। ਜੇ ਇਸ ਸਮੇਂ ਦੇ ਦੌਰਾਨ ਅਜਿਹਾ ਕੋਈ ਨੋਟਿਸ ਪ੍ਰਾਪਤ ਨਹੀਂ ਕੀਤਾ ਜਾਂਦਾ ਹੈ, ਤਾਂ ਈਬਿਕਸਕੈਸ਼ ਇਹ ਮੰਨ ਲਏਗਾ ਕਿ ਟ੍ਰਾਂਜ਼ੈਕਸ਼ਨ ਬਿਲਕੁੱਲ ਸਹੀ ਹੈ।

**੪. ਫੀਸਾਂ ਅਤੇ ਲਾਗੂ ਟੈਕਸ**

ਈਬਿਕਸਕੈਸ਼/ ਐਚਡੀਐਫਸੀ ਬੈਂਕ ਕਾਰਡ ਦੇ ਬੈਲੇਂਸ ਤੋਂ ਈਬਿਕਸਕੈਸ਼/ ਐਚਡੀਐਫਸੀ ਬੈਂਕ ਨੂੰ ਦੇਣਯੋਗ ਸਾਰੀਆਂ ਫੀਸਾਂ ਅਤੇ ਖਰਚਿਆਂ ਨੂੰ ਘਟਾ ਲਏਗਾ।

**੫. ਈਬਿਕਸਕੈਸ਼/ ਐਚਡੀਐਫਸੀ ਬੈਂਕ ਦੀ ਜਵਾਬਦੇਹੀ**

ਈਬਿਕਸਕੈਸ਼/ ਐਚਡੀਐਫਸੀ ਬੈਂਕ ਦੀ ਜਵਾਬਦੇਹੀ ਕਾਰਡ ਵਿੱਚ ਕਿਸੇ ਵੀ ਸਮੇਂ 'ਤੇ ਪਈ ਰਕਮ ਦੀ ਹੱਦ ਤੱਕ ਸੀਮਿਤ ਹੁੰਦੀ ਹੈ।

**੬. ਡੇਟਾ ਦੀ ਸੁਰੱਖਿਆ**

ਈਬਿਕਸਕੈਸ਼/ ਐਚਡੀਐਫਸੀ ਬੈਂਕ ਗ੍ਰਾਹਕ ਦੀਆਂ ਹਿਦਾਇਤਾਂ ਮੁਤਾਬਕ ਕਾਰਡ ਪ੍ਰਦਾਨ ਕਰਨ ਲਈ, ਕਾਰਡ ਦੇਣ ਲਈ, ਕਾਰਡ ਜਾਂ ਇਸਦੀ ਵਰਤੋਂ ਬਾਰੇ ਕਾਰਡਧਾਰਕ ਕੋਲ ਹੁੰਦੇ ਕਿਸੇ ਸਵਾਲਾਂ ਦੇ ਨਾਲ ਨਿਪਟਣ ਲਈ, ਅੰਕੜੇ ਸਬੰਧੀ ਅਤੇ ਨਿਯਾਮਕ ਸੂਚਨਾ ਦੇਣ ਅਤੇ ਧੋਖਾ-ਧੜੀ ਰੋਕਣ ਦੇ ਉਦੇਸ਼ਾਂ ਲਈ ਕਾਰਡਧਾਰਕ ਦੇ ਨਿੱਜੀ ਡੇਟਾ 'ਤੇ ਪ੍ਰਕਿਰਿਆ ਕਰੇਗਾ।

ਈਬਿਕਸਕੈਸ਼/ ਐਚਡੀਐਫਸੀ ਬੈਂਕ ਕਾਰਡਧਾਰਕ ਅਤੇ ਕਾਰਡ ਬਾਰੇ ਜਾਣਕਾਰੀ ਨੂੰ, ਗੁਪਤ ਤਰੀਕੇ ਨਾਲ ਅਤੇ ਸਿਰਫ਼ ਲਾਗੂ ਡੇਟਾ ਸੁਰੱਖਿਆ ਅਤੇ ਬੈਂਕ ਨਿੱਜਤਾ ਕਾਨੂੰਨਾਂ ਦੇ ਤਹਿਤ ਇਜਾਜ਼ਤ ਦਿੱਤੀ ਸੀਮਾ ਤੱਕ, ਕਾਰਡਧਾਰਕ ਦੀ ਜਾਣਕਾਰੀ ਹੋਰ ਕੰਪਨੀਆਂ ਅਤੇ ਤੀਜੀਆਂ ਧਿਰਾਂ ਨੂੰ ਦਏਗਾ, ਉਹਨਾਂ ਸਮੇਤ ਜੋ ਐਪਲੀਕੇਸ਼ਨ 'ਤੇ ਪ੍ਰਕਿਰਿਆ ਕਰਨ, ਧੋਖਾ-ਧੜੀ ਦੀ ਨਿਗਰਾਨੀ ਕਰਨ, ਗ੍ਰਾਹਕ ਸੇਵਾ, ਕਾਰਡ ਤਿਆਰ ਕਰਨ ਅਤੇ ਤਕਨੀਕੀ ਪ੍ਰਕਿਰਿਆ ਸੇਵਾਵਾਂ ਪ੍ਰਦਾਨ ਕਰ ਰਹੇ ਹਨ ਅਤੇ ਉਹਨਾਂ ਦੇ ਹਰ ਏਜੰਟ ਅਤੇ ਉਪ-ਠੇਕੇਦਾਰਾਂ ਨੂੰ ਪ੍ਰਦਾਨ ਕਰੇਗਾ।

ਈਬਿਕਸਕੈਸ਼/ ਐਚਡੀਐਫਸੀ ਬੈਂਕ ਕਾਰਡਧਾਰਕ ਦੇ ਨਿੱਜੀ ਡੇਟਾ ਦਾ ਖੁਲਾਸਾ ਇਹਨਾਂ ਨੂੰ ਕਰ ਸਕਦਾ ਹੈ: (i) ਗ੍ਰਾਹਕ, (ii) ਧੋਖਾ-ਧੜੀ ਰੋਕਣ ਵਾਲੀਆਂ ਏਜੰਸੀਆਂ ਜੇ ਗ਼ਲਤ ਜਾਂ ਝੂਠੀ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਧੋਖਾ-ਧੜੀ ਦਾ ਸ਼ੱਕ ਹੁੰਦਾ ਹੈ, ਅਤੇ (iii) ਕਨੂੰਨੀ/ਨਿਯਾਮਕ ਅਧਿਕਾਰੀ, ਕਾਨੂੰਨ ਲਾਗੂ ਕਰਨ ਵਾਲੀਆਂ ਜਾਂ ਧੋਖਾ-ਧੜੀ ਰੋਕਣ ਵਾਲੀਆਂ ਏਜੰਸੀਆਂ ਜਿੱਥੇ ਸਾਨੂੰ ਲਾਗੂ ਕਾਨੂੰਨ ਜਾਂ ਅਦਾਲਤ ਦੇ ਆਦੇਸ਼ ਦੁਆਰਾ ਅਜਿਹਾ ਕਰਨ ਦੀ ਲੋੜ ਹੁੰਦੀ ਹੈ। ਈਬਿਕਸਕੈਸ਼/ ਐਚਡੀਐਫਸੀ ਬੈਂਕ ਉੱਚ ਗੁਣਵੱਤਾ ਸੇਵਾ ਨੂੰ ਕਾਇਮ ਰੱਖਣ ਵਿੱਚ ਮਦਦ ਲਈ ਅਤੇ ਸੁਰੱਖਿਆ, ਡੇਟਾ ਇਕੱਤਰੀਕਰਣ ਅਤੇ ਸਿਖਲਾਈ ਉਦੇਸ਼ਾਂ ਲਈ, ਜਾਂ ਜਿਵੇਂ ਲਾਗੂ ਕਾਨੂੰਨ ਦੁਆਰਾ ਲੋੜ ਹੋਵੇ, ਟੈਲੀਫ਼ੋਨ ਕਾਲਾਂ ਨੂੰ ਰਿਕਾਰਡ ਅਤੇ/ਜਾਂ ਇਹਨਾਂ ਦੀ ਨਿਗਰਾਨੀ ਕਰ ਸਕਦੇ ਹਨ। ਸਾਰੀਆਂ ਰਿਕਾਰਡਿੰਗਾਂ ਈਬਿਕਸਕੈਸ਼/ ਐਚਡੀਐਫਸੀ ਦੀਆਂ ਹੁੰਦੀਆਂ ਹਨ। ਕਾਰਡਧਾਰਕ ਈਬਿਕਸਕੈਸ਼/ ਐਚਡੀਐਫਸੀ ਬੈਂਕ, ਅਤੇ ਉੱਪਰ ਪਛਾਣੇ ਗਏ ਹੋਰ ਪ੍ਰਾਪਤਕਰਤਾਵਾਂ ਦੁਆਰਾ, ਉਪਰੋਕਤ ਤੈਅ ਕੀਤੇ ਉਦੇਸ਼ਾਂ ਲਈ ਇਸਦੇ ਨਿੱਜੀ ਡੇਟਾ ਦੇ ਪ੍ਰਕਿਰਿਆ ਕਰਨ (ਟ੍ਰਾਂਸਫਰ ਸਮੇਤ) ਲਈ ਸਹਿਮਤ ਹੁੰਦਾ ਹੈ।

**੭. ਫੁਟਕਲ**

(ਸੰਸ਼ੋਧਣ) ਈਬਿਕਸਕੈਸ਼/ ਐਚਡੀਐਫਸੀ ਬੈਂਕ, ਗ੍ਰਾਹਕ ਨੂੰ ਸੂਚਨਾ ਦਿੱਤੇ ਬਿਨਾਂ, ਕਿਸੇ ਵੀ ਸਮੇਂ 'ਤੇ ਅਤੇ ਲਾਗੂ ਕਾਨੂੰਨ ਦੇ ਤਹਿਤ, ਕਿਸੇ ਕਾਇਦੇ ਨੂੰ ਬਦਲ ਜਾਂ ਮਿਟਾ ਸਕਦਾ ਹੈ, ਖਰਚਿਆਂ ਨੂੰ ਜੋੜ ਜਾਂ ਬਦਲ (ਵਧਾਉਣ ਜਾਂ ਘਟਾਉਣ ਸਮੇਤ) ਸਕਦਾ ਹੈ। ਇਹ ਕਲਪਨਾ ਕੀਤੀ ਜਾਵੇਗੀ ਕਿ ਕਾਰਡਧਾਰਕ ਨੇ ਇਹਨਾਂ ਦੇ www.ebixcash.com 'ਤੇ ਔਨਲਾਈਨ ਉਪਲਬਧ ਹੋਣ ਤੋਂ ੨੪ ਘੰਟਿਆਂ ਬਾਅਦ ਬਦਲਾਵ ਦੇਖ ਲਏ ਅਤੇ ਸਵੀਕਾਰ ਕੀਤੇ ਹਨ। ਈਬਿਕਸਕੈਸ਼/ ਐਚਡੀਐਫਸੀ ਬੈਂਕ ਕਿਸੇ ਵੀ ਸ਼ਰਤਾਂ ਦਾ ਸੰਸ਼ੋਧਣ ਕਰਨ ਦਾ ਅਧਿਕਾਰ ਰੱਖਦਾ ਹੈ।

(ਨਿਯੰਤ੍ਰਕ ਕਾਨੂੰਨ) ਇਹ ਨਿਯਮ ਅਤੇ ਸ਼ਰਤਾਂ ਅਤੇ ਇਸ ਦੇ ਤਹਿਤ ਪੈਦਾ ਹੋਣ ਵਾਲੇ ਸਾਰੇ ਮੁੱਦਿਆਂ ਨੂੰ ਭਾਰਤੀ ਕਾਨੂੰਨਾਂ ਦੇ ਮੁਤਾਬਕ ਚਲਾਇਆ ਜਾਵੇਗਾ ਅਤੇ ਕਾਰਡਧਾਰਕ ਅਤੇ ਈਬਿਕਸਕੈਸ਼/ ਐਚਡੀਐਫਸੀ ਬੈਂਕ ਦੋਵੇਂ ਮੁਬੰਈ ਦੀਆਂ ਅਦਾਲਤਾਂ ਦੇ ਨਵੇਕਲੇ ਅਧਿਕਾਰ-ਖੇਤਰਾਂ ਨੂੰ ਸਬਮਿਟ ਕਰਦੇ ਹਨ।

**੮. ਹੈਲਪ ਲਾਈਨ**

ਸਾਡੇ ਕਸਟਮਰ ਕੇਅਰ ਨੰਬਰ ੭੯੬੬੧੫੫੨੨੦ 'ਤੇ ਸਾਨੂੰ ਕਾਲ ਕਰੋ ਜਾਂ care@ebixcash.com 'ਤੇ ਸਾਨੂੰ ਈਮੇਲ ਕਰੋ ਜਾ ਇੱਥੇ ਲਿਖੋ: ਇਟਜ਼ ਕੈਸ਼ ਕਾਰਡ ਲਿਮਿਟੇਡ, ਟੌਪ ੧੪ਵਾਂ ਫਲੋਰ, ਟਾਈਮਸ ਟਾਵਰ, ਸੇਨਾਪਤੀ ਬਾਪਤ ਮਾਰਗ, ਲੋਅਰ ਪਰੇਲ, ਮੁੰਬਈ – ੪੦੦੦੧੩।